Alberta Government *Punjabi* **News** release

# ਅਲਬਰਟਾ ਵਿੱਚ ਸੁਰੱਖਿਅਤ ਢੰਗ ਨਾਲ ਕਿਰਿਆਵਾਂ ਦੀ ਕੋਵਿਡ -19 ਦੇ ਮੱਦੇ ਨਜ਼ਰ ਮੁੜ ਸ਼ੁਰੂਆਤ

ਅਪ੍ਰੈਲ **30,** 2020 ਮੀਡੀਆ ਪੁੱਛਗਿੱਛ Media inquiries

---

## ਪੜਾਵਾਂ ਵਿੱਚ ਮੁੜ ਸ਼ੁਰੂਆਤ ਅਲਬਰਟਨਜ਼ ਦੀ ਸੁਰੱਖਿਆ ਨੂੰ ਪਹਿਲ ਦੇਵੇਗੀ ਕਿਉਂਕਿ ਅਸੀਂ ਹੌਲੀ ਹੌਲੀ ਬੰਦ ਕਾਰੋਬਾਰਾਂ ਅਤੇ ਸੇਵਾਵਾਂ ਨੂੰ ਮੁੜ ਖੋਲਾਂਗੇ ਅਤੇ ਲੋਕਾਂ ਨੂੰ ਕੰਮ ਤੇ ਵਾਪਸ ਲਿਆਵਾਂਗੇ।

"ਮੈਨੂੰ ਪੂਰਾ ਵਿਸ਼ਵਾਸ ਹੈ ਕਿ ਅਲਬਰਟਨਜ਼ ਇਸ ਮੁੜ ਸ਼ੁਰੂਆਤ ਨੂੰ ਉਸੇ ਹੀ ਨਜ਼ਰੀਏ ਅਤੇ ਲਚਕੀਲੇਪਨ ਨਾਲ ਅਪਨਾਉਣਗੇ ਜੋ ਉਹਨਾਂ ਨੇ COVID-19 ਮਹਾਂਮਾਰੀ ਦੇ ਦੌਰਾਨ ਦਿਖਾਇਆ ਹੈ। ਅਸੀਂ ਸੂਝ ਨਾਲ ਇਕੱਠੇ ਅੱਗੇ ਵਧਾਂਗੇ ਇਹ ਜਾਣਦਿਆਂ ਕਿ ਔਖਾ ਸਮਾਂ ਅਜੇ ਅੱਗੇ ਹਨ। ਅਸੀਂ ਕਮਜ਼ੋਰ ਅਲਬਰਟਨਜ਼ ਦੀ ਸਹਾਇਤਾ ਅਤੇ ਰੱਖਿਆ ਕਰਾਂਗੇ ਅਤੇ ਉਹਨਾਂ ਨੂੰ ਸੁਰੱਖਿਅਤ ਰੱਖਾਂਗੇ ਕਿਉਂਕਿ ਅਸੀਂ ਇੱਕ ਇੱਕ ਪੜਾਅ ਵਾਰ ਆਪਣੇ ਸੂਬੇ ਦਾ ਨਿਰਮਾਣ ਕਰਾਂਗੇ।"

*ਜੇਸਨ ਕੈਨੀ, ਪ੍ਰੀਮੀਅਰ*

ਇਹ ਇਸ ਲਈ ਹੈ ਕਿਉਂਕਿ ਅਲਬਰਟਨਜ਼ ਨੇ ਜਨਤਕ ਸਿਹਤ ਸਲਾਹ ਦਾ ਸਤਿਕਾਰ ਕਰਦਿਆਂ ਜ਼ਿੰਮੇਵਾਰੀ ਨਾਲ ਕੰਮ ਕੀਤਾ ਹੈ ਤਾਂ ਹੀ ਅਸੀਂ ਕੋਵਿਡ -19 ਦੇ ਫੈਲਣ ਨੂੰ ਸੀਮਤ ਰੱਖਣ ਦੇ ਯੋਗ ਹੋਏ ਹਾਂ ਅਤੇ ਸਥਾਨਕ ਫੈਲਾਅ ਨੂੰ ਸਾਡੀ ਸਿਹਤ-ਸੰਭਾਲ ਪ੍ਰਣਾਲੀ ਦੀ ਸਮਰੱਥਾ ਦੇ ਅੰਦਰ ਰੱਖਣ ਵਿੱਚ ਵੀ ਸਫਲ ਹਾਂ ਤਾਂ ਹੀ ਹੁਣ ਕੁਝ ਕਾਰੋਬਾਰ ਅਤੇ ਸੇਵਾਵਾਂ ਨੂੰ ਮੁੜ ਸ਼ੁਰੂ ਕਰਨ ਵੱਲ ਪਹਿਲਾ ਕਦਮ ਲਿਆ ਹੈ।

## ਅਰੰਭਿਕ ਕਿਰਿਆਵਾਂ

ਅੱਗੇ ਵਧਣ ਦੀ ਯੋਜਨਾ ਨੂੰ ਸਾਵਧਾਨੀ ਅਤੇ ਲਗਾਤਾਰ ਨਿਗਰਾਨੀ ਦੀ ਲੋੜ ਹੈ ਅਤੇ ਹੈਲਥ ਦੇ ਮੁੱਖ ਮੈਡੀਕਲ ਅਫਸਰ ਦੁਆਰਾ ਦੱਸੇ ਗਏ ਸਾਰੇ ਦਿਸ਼ਾ ਨਿਰਦੇਸ਼ਾਂ ਦਾ ਆਦਰ ਕਰਨ ਦੀ ਲੋੜ ਹੈ:

- **ਐਲਬਰਟਾ ਹੈਲਥ ਸਰਵਿਸਿਜ਼** 4 ਮਈ ਤੋਂ ਕੁਝ ਨਿਰਧਾਰਤ, ਗੈਰ-ਜ਼ਰੂਰੀ ਅਪ੍ਰੇਸ਼ਨ ਦੁਬਾਰਾ ਸ਼ੁਰੂ ਕਰੇਗੀ।
- **ਦੰਦਾਂ ਅਤੇ ਹੋਰ ਸਿਹਤ ਦੇਖਭਾਲ** ਕਰਨ ਵਾਲੇ ਕਰਮਚਾਰੀਆਂ, ਜਿਵੇਂ ਕਿ ਫਿਜ਼ੀਓਥੈਰੇਪਿਸਟ, ਸਪੀਚ ਲੈਂਗੁਏਜ ਪੈਥੋਲੋਜਿਸਟ, ਸਾਹ ਸਬੰਧੀ ਚਿਕਿਤਸਕ, ਆਡੀਓਲੋਜਿਸਟਸ(ਅਵਾਜ਼ ਸਬੰਧੀ), ਸੋਸ਼ਲ ਵਰਕਰ, ਕਿੱਤਾਮੁਖੀ(ਆਕੂਪੇਸ਼ਨਲ) ਥੈਰੇਪਿਸਟ, ਡਾਇਟੀਸ਼ੀਅਨ(ਖਾਣ-ਪਾਣ) ਅਤੇ ਹੋਰ ਬਹੁਤ ਸਾਰਿਆਂ ਨੂੰ ਸੇਵਾਵਾਂ 4 ਮਈ ਤੋਂ ਸ਼ੁਰੂ ਕਰਨ ਦੀ ਆਗਿਆ ਦਿੱਤੀ ਜਾਏਗੀ ਬਸ਼ਰਤੇ ਜਦੋਂ ਤੱਕ ਉਹ ਆਪਣੇ ਪੇਸ਼ੇਵਰ ਸੰਸਥਾਵਾਂ ਦੁਆਰਾ ਪ੍ਰਵਾਨਿਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨ।

ਬਾਹਰ ਜਾ ਕੇ ਮਨੋਰੰਜਨ ਨਾਲ ਅਲਬਰਟਨਜ਼ ਦੀ ਤੰਦਰੁਸਤੀ ਹਾਸਲ ਕਰਨ ਦੀ ਭਾਵਨਾ ਨੂੰ ਪਛਾਣਦਿਆਂ ਪ੍ਰੋਵਿੰਸ਼ੀਅਲ ਪਾਰਕਾਂ ਅਤੇ ਜਨਤਕ ਜ਼ਮੀਨਾਂ ਪੜਾਅਵਾਰ ਤਰੀਕੇ ਨਾਲ ਦੁਬਾਰਾ ਇਸ ਤਰਾਂ ਸ਼ੁਰੂ ਕਰਕੇ ਖੋਲ੍ਹ ਦਿੱਤੀਆਂ ਜਾਣਗੀਆਂ:

- 1 ਮਈ ਨੂੰ ਪਾਰਕਿੰਗ ਲਾਟਾਂ ਤੇ ਵਾਹਨ ਅਤੇ ਸਟੇਜਿੰਗ ਏਰੀਆ ਤਕ ਵਾਹਨ ਦੀ ਪਹੁੰਚ ਸ਼ੁਰੂ ਕੀਤੀ ਜਾਵੇਗੀ।
- 1 ਮਈ ਨੂੰ ਪ੍ਰੋਵਿੰਸ਼ੀਅਲ ਪਾਰਕਾਂ ਵਿਚ ਕਈ ਕਿਸ਼ਤੀਆਂ ਰੱਖਣ(ਬੋਟ ਲਾਂਚ) ਦੀ ਸ਼ੁਰੂਆਤ ਕਰਨਾ ਅਤੇ ਸਾਰਿਆਂ ਨੂੰ 14 ਮਈ ਤੱਕ ਖੋਲ੍ਹਣ ਦਾ ਕੰਮ ਕਰਨਾ। ਬੋਟ ਲਾਂਚ ਦੀ ਸਥਿਤੀ ਲਈ albertaparks.ca ਤੇ ਜਾਓ।
- ਸਰਕਾਰ ਕੈਂਪ ਸਾਈਟਾਂ ਨੂੰ ਜਲਦ ਤੋਂ ਜਲਦ ਉਪਲਬਧ ਕਰਾਉਣ ਲਈ ਸਖਤ ਮਿਹਨਤ ਕਰ ਰਹੀ ਹੈ ਜਿਸਦਾ ਟੀਚਾ ਹੈ ਕਿ 1 ਜੂਨ ਤੱਕ ਵੱਧ ਤੋਂ ਵੱਧ ਕੈਂਪ ਸਾਈਟਾਂ ਨੂੰ ਖੋਲ੍ਹਿਆ ਜਾ ਸਕੇ ਤਾਂ ਜੋ ਅਲਬਰਟਨਜ਼ ਮੌਜੂਦਾ ਸਿਹਤ ਆਦੇਸ਼ਾਂ ਦੀ ਪਾਲਣਾ ਕਰਦਿਆਂ ਆਪਣੇ ਪਾਰਕਾਂ ਦਾ ਅਨੰਦ ਲੈ ਸਕਣ। ਇਸ ਸਮੇਂ, ਸਾਈਟਾਂ ਸਿਰਫ ਅਲਬਰਟਨਾਜ਼ ਲਈ ਖੁੱਲੀਆਂ ਹਨ। ਤਾਜਾ ਜਾਣਕਾਰੀ ਲਈ albertaparks.ca ਤੇ ਜਾਓ।

- ਗਰੁੱਪ ਅਤੇ ਆਰਾਮਦਾਇਕ ਕੈਂਪਿੰਗ ਅਜੇ ਮੌਜੂਦ ਨਹੀਂ ਹੋਵੇਗੀ। ਸ਼ਾਵਰ, ਪਿਕਨਿਕ ਅਤੇ ਖਾਣਾ ਪਕਾਉਣ ਵਾਲੇ ਸਥਾਨਾਂ ਵਰਗੇ ਖੇਤਰਾਂ ਵਿੱਚ ਕੈਂਪਗ੍ਰਾਉਂਡ ਦੀ ਸਹੂਲਤ ਦੀ ਪਹੁੰਚ ਤੇ ਪਾਬੰਦੀ ਬਾਰੇ albertaparks.ca ਤੇ ਜਾ ਕੇ ਪਤਾ ਕਰੋ।
- ਅਲਬਰਟਾ ਪਾਰਕਸ ਦੀ ਆਨਲਾਈਨ ਰਿਜ਼ਰਵੇਸ਼ਨ ਪ੍ਰਣਾਲੀ 14 ਮਈ ਤੋਂ ਸ਼ੁਰੂ ਹੋਣ ਤੇ 1 ਜੂਨ ਤੋਂ ਸਾਈਟ ਦੇ ਦੌਰੇ ਲਈ ਬੁੱਕ ਹੋਵੇਗੀ। ਸੂਬੇ ਤੋਂ ਬਾਹਰ ਦੀਆਂ ਬੁਕਿੰਗ ਨਹੀਂ ਕੀਤੀਆਂ ਜਾਣਗੀਆਂ।
- ਇਸ ਵਾਰ ਸੂਬਾਈ ਪਾਰਕਾਂ ਵਿਚ ਕੋਈ ਵਾਸ਼ਰੂਮ ਜਾਂ ਕੂੜਾ ਚੁੱਕਣ ਦੀ ਸਹੂਲਤ ਉਪਲਬਧ ਨਹੀਂ ਹੋਵੇਗੀ। ਇਹ ਸੇਵਾਵਾਂ ਅਲਬਰਟਾ ਇਨਵਾਇਰਮੈਂਟ ਅਤੇ ਪਾਰਕਸ ਸਟਾਫ ਦੇ ਵਾਪਸ ਪਰਤਣ ਤੇ ਹੀ ਉਪਲਬਧ ਹੋਣਗੀਆ। ਇਹ ਮੌਸਮੀ ਨੌਕਰੀਆਂ ਔਖੇ ਆਰਥਿਕ ਸਮੇਂ ਦੌਰਾਨ ਅਲਬਰਟਨਜ਼ ਲਈ ਰੁਜ਼ਗਾਰ ਲੈਣ ਦਾ ਇੱਕ ਮਹੱਤਵਪੂਰਣ ਮੌਕਾ ਹਨ।
- ਪਾਰਕਾਂ, ਸੁਰੱਖਿਅਤ ਖੇਤਰਾਂ ਅਤੇ ਜੰਗਲਾਤ ਸੁਰੱਖਿਆ ਖੇਤਰਾਂ ਵਿਚ ਫਾਇਰ ਬੈਨ(ਅੱਗ ਬਾਲਣ ਤੇ ਮਨਾਹੀ) ਉਸੇ ਤਰਾਂ ਹੀ ਰਹੇਗੀ।
- ਇਸ ਵੇਲੇ ਕੋਈ ਵੀ ਆਫ ਹਾਈ-ਵੇ ਵਾਹਨ ਪਾਬੰਦੀਆਂ ਲਾਗੂ ਨਹੀਂ ਹਨ। ਸਥਾਨਕ ਪਾਬੰਦੀਆਂ ਦੀ ਜ਼ਰੂਰਤ ਹੋ ਸਕਦੀ ਹੈ ਜੇ ਜੰਗਲੀ ਅੱਗਾਂ ਦਾ ਖਤਰਾ ਵਧਦਾ ਹੈ।
- ਨਿਜੀ ਅਤੇ ਮਿਊਂਸਪਲ ਕੈਂਪਰ ਗਰਾਂਉਡ ਅਤੇ ਪਾਰਕ ਆਪਣੇ ਸਥਾਨਕ ਅਧਿਕਾਰ ਦੇ ਅਧੀਨ, ਸਰੀਰਕ ਦੂਰੀ ਦੀਆਂ ਪਾਬੰਦੀਆਂ ਨਾਲ ਖੋਲ੍ਹ ਸਕਦੇ ਹਨ।
- ਗੋਲਫ ਕੋਰਸ 4 ਮਈ ਨੂੰ ਖੁੱਲ੍ਹ ਸਕਦੇ ਹਨ ਜਿਸ ਵਿੱਚ ਕਲੱਬ ਹਾਊਸ ਅਤੇ ਪ੍ਰੋ ਸ਼ੌਪਸ ਨੂੰ ਬੰਦ ਰੱਖਣ ਦੀਆਂ ਪਾਬੰਦੀਆਂ ਹਨ। ਸਾਈਟ ਤੇ ਦੁਕਾਨਾਂ ਅਤੇ ਰੈਸਟੋਰੈਂਟ ਦੂਜੇ ਕਾਰੋਬਾਰਾਂ ਅਤੇ ਰਿਟੇਲਰਾਂ ਅਨੁਸਾਰ ਪਹਿਲੇ ਪੜਾਅ ਵਿਚ ਖੁੱਲ੍ਹ ਸਕਦੇ ਹਨ।

# ਅਗਲੇ ਪੜਾਅ ਤੇ ਜਾਣ ਲਈ ਜਰੂਰਤਾਂ

ਸੁਰੱਖਿਅਤ ਹੋਣ ਤੇ ਪੜਾਵਾਂ ਤੇ ਵਾਧੂ ਪਾਬੰਦੀਆਂ ਹਟਾ ਦਿੱਤੀਆਂ ਜਾਣਗੀਆਂ।

ਇਸ ਤੋਂ ਪਹਿਲਾਂ ਕਿ ਅਸੀਂ ਪਹਿਲੇ ਪੜਾਅ ਤੇ ਚਲੇ ਜਾਈਏ, ਕਈ ਸੁਰੱਖਿਆ ਸ਼ਰਤਾਂ ਲਗਾਈਆਂ ਜਾਣਗੀਆਂ:

- ਰਾਸ਼ਟਰੀ COVID-19 ਟੈਸਟਿੰਗ ਸਮਰੱਥਾ ਨੂੰ ਕਨੇਡਾ ਵਿੱਚ ਸੱਭ ਤੋਂ ਉਪਰਲੇ ਸਤਰ ਤੱਕ ਵਧਾਉਣਾ।
- ਤਕਨੀਕ ਦੀ ਸਹਾਇਤਾ ਨਾਲ ਮਜਬੂਤ ਅਤੇ ਵਿਆਪਕ ਸੰਪਰਕ ਟਰੇਸਿੰਗ ਕਰਨੀ ਅਤੇ ਉਹਨਾਂ ਲੋਕਾਂ ਨੂੰ ਤੁਰੰਤ ਸੂਚਿਤ ਕਰਨਾ ਜੋ ਇਸਦੇ(ਵਾਇਰਸ) ਸੰਪਰਕ ਵਿੱਚ ਹਨ।
- ਉਹਨਾਂ ਲਈ ਸਹਾਇਤਾ ਜੋ ਕੋਵਿਡ -19 ਪੌਜ਼ਿਟਿਵ ਹਨ ਜਿਵੇਂ ਇਕਾਂਤਵਾਸ ਅਤੇ ਸੁਚੱਜੇ ਢੰਗ ਨਾਲ ਰੋਗਾਣੂ ਨੂੰ ਫੈਲਣ ਤੋਂ ਰੋਕਣਾ।
- ਮਜ਼ਬੂਤ ਅੰਤਰਰਾਸ਼ਟਰੀ ਸਰਹੱਦ ਪਾਬੰਦੀਆਂ ਅਤੇ ਹਵਾਈ ਅੱਡੇ ਤੇ ਜਾਂਚ(ਸਕਰੀਨਿੰਗ) ਖਾਸ ਕਰਕੇ ਅੰਤਰਰਾਸ਼ਟਰੀ ਯਾਤਰੀਆਂ ਲਈ।
- ਭੀੜ ਵਾਲੀਆਂ ਥਾਵਾਂ ਤੇ ਮਾਸਕ ਦੀ ਵਰਤੋਂ ਲਈ ਨਿਯਮ ਅਤੇ ਸੁਝਾਅ, ਖ਼ਾਸਕਰ ਜਨਤਕ ਆਵਾਜਾਈ ਤੇ।
- ਸਭ ਤੋਂ ਕਮਜ਼ੋਰ ਲੋਕਾਂ ਲਈ ਸਖਤ ਸੁਰੱਖਿਆ ਪ੍ਰਬੰਧ ਜਿਨ੍ਹਾਂ ਵਿੱਚ ਲੰਬੇ ਸਮੇਂ ਦੀ ਦੇਖਭਾਲ, ਨਿਰੰਤਰ ਦੇਖਭਾਲ ਅਤੇ ਸੀਨੀਅਰ ਲਾਜ ਸ਼ਾਮਲ ਹਨ।

COVID-19 ਦੇ ਸੰਭਾਵਿਤ ਫੈਲਣ ਦੀ ਸਥਿਤੀ ਵਿੱਚ ਇੱਕ ਢੁੱਕਵੀਂ ਕਾਰਵਾਈ ਯੋਜਨਾ ਲਾਗੂ ਹੈ। ਇਸ ਵਿੱਚ ਫੈਲਣ ਤੋਂ ਰੋਕਣ ਲਈ ਨੇੜਲੇ ਸੰਪਰਕਾਂ ਦੀ ਜਲਦੀ ਪਛਾਣ ਕਰਨਾ, ਟੈਸਟ ਵਧਾਉਣੇ ਅਤੇ ਫੈਲਣ(ਆਊਟਬਰੇਕ) ਦੀ ਸਥਿਤੀ ਵਿੱਚ ਲੱਛਣਾਂ ਤੋਂ ਬਗੈਰ ਵਿਅਕਤੀਆਂ ਦੇ ਵੀ ਟੈਸਟ ਕਰਨੇ ਅਤੇ ਇਕਾਂਤਵਾਸ ਲਈ ਅਸਥਾਈ ਰਿਹਾਇਸ਼ ਪ੍ਰਦਾਨ ਕਰਨੀ ਅਤੇ ਖਤਰੇ ਵਿੱਚ ਲੋਕਾਂ ਨੂੰ ਜਰੂਰੀ ਸਹਾਇਤਾ ਪ੍ਰਦਾਨ ਕਰਨੀ ਵਾਲੇ ਪ੍ਰੋਟੋਕੋਲ ਸ਼ਾਮਲ ਹਨ।

ਦੋ ਮੀਟਰਾਂ ਦੀ ਸਰੀਰਕ ਦੂਰੀ ਦੀਆਂ ਸ਼ਰਤਾਂ ਮੁੜ ਸ਼ੁਰੂਆਤ(ਰੀ-ਲਾਂਚ) ਦੇ ਸਾਰੇ ਪੜਾਵਾਂ ਦੌਰਾਨ ਜਾਰੀ ਰਹਿਣਗੀਆਂ ਅਤੇ ਕਾਰੋਬਾਰਾਂ ਅਤੇ ਵਿਅਕਤੀਆਂ ਲਈ ਸਫਾਈ ਦੇ ਅਭਿਆਸਾਂ ਦੀ ਜ਼ਰੂਰਤ ਜਾਰੀ ਰਹੇਗੀ ਨਾਲ ਹੀ ਅਲਬਰਟਨਜ਼ ਨੂੰ ਜਦੋਂ ਖੰਘ, ਬੁਖਾਰ, ਸਾਹ ਚੜ੍ਹਣਾ, ਨੱਕ ਵਗਣਾ ਜਾਂ ਗਲਾ ਪਕਣਾ ਆਦਿ ਲੱਛਣਾਂ ਸਮੇ ਘਰ ਰਹਿਣ ਦੇ ਨਿਰਦੇਸ਼ ਜਾਰੀ ਰਹਿਣਗੇ।

"ਸੰਕੇਤ ਮਿਲਦੇ ਹਨ ਕਿ ਸਾਡੀ ਸਰੀਰਕ ਦੂਰੀ, ਚੰਗੇ ਸਫਾਈ ਅਭਿਆਸਾਂ ਅਤੇ ਸਲਾਹ ਅਨੁਸਾਰ ਘਰ ਰਹਿਣ ਦੇ ਸਮੂਹਿਕ ਯਤਨ ਫੈਲਣ ਨੂੰ ਹੌਲੀ ਕਰਨ ਵਿੱਚ ਸਹਾਇਤਾ ਕਰ ਰਹੇ ਹਨ। ਹਾਲਾਂਕਿ ਸਾਨੂੰ ਲਾਪਰਵਾਹੀ ਤੋਂ ਬਚਣਾ ਚਾਹੀਦਾ ਹੈ ਅਤੇ ਧੀਰਜ ਰੱਖਣਾ ਚਾਹੀਦਾ ਹੈ ਕਿਉਂਕੀ ਅਸੀਂ ਬਿਮਾਰੀ ਦੇ ਫੈਲਣ ਨੂੰ ਰੋਕਣ ਲਈ ਦਿੱਤੀਆਂ ਕੁਰਬਾਨੀਆਂ ਨੂੰ ਥੋੜੀ ਜਿਹੀ ਲਾਪਰਵਾਹੀ ਨਾਲ ਕਾਰੋਬਾਰਾਂ ਅਤੇ ਸੇਵਾਵਾਂ ਨੂੰ ਮੁੜ ਖੋਲ੍ਹਣ ਸਮੇਂ ਬਰਬਾਦ ਨਹੀਂ ਕਰ ਸਕਦੇ।"

*ਡੀਨਾ ਹਿੰਸ਼ਾ, ਸਿਹਤ ਦੀ ਮੁੱਖ ਮੈਡੀਕਲ ਅਫਸਰ*

## ਪੜਾਅ ਵਿੱਚ ਹੋਰ ਢਿੱਲਾਂ

ਪੜਾਅ 1 ਵਿੱਚ ਵਾਧਾ 14 ਮਈ ਤੋਂ ਉਦੋਂ ਹੋਵੇਗਾ ਜਦੋਂ ਸਿਹਤ ਦੇ ਮੁੱਖ ਮੈਡੀਕਲ ਅਫਸਰ ਦੀ ਸਲਾਹ ਦੇ ਅਧਾਰ ਤੇ ਸਿਹਤ ਦੇ ਉਪਾਵਾਂ ਦੇ ਪਾਲਣ ਤੇ ਸਰਕਾਰ ਦੀ ਸੰਤੁਸ਼ਟੀ ਹੋਵੇਗੀ।

### ਪੜਾਅ 1 ਦੀਆਂ ਝਲਕੀਆਂ

- ਲਾਗ ਸਬੰਧੀ ਵਧਾਈ ਰੋਕਥਾਮ ਅਤੇ ਨਿਯੰਤਰਣ ਨਾਲ ਲਾਗਾਂ ਦੇ ਫੈਲਣ ਦੇ ਖਤਰੇ ਦੇ ਘੱਟਣ ਨਾਲ ਕੁਝ ਕਾਰੋਬਾਰ ਅਤੇ ਸਹੂਲਤਾਂ ਹੌਲੀ ਹੌਲੀ 14 ਮਈ ਤੋਂ ਕੰਮ ਸ਼ੁਰੂ ਕਰ ਸਕਦੀਆਂ ਹਨ:
    - ਰਿਟੇਲ ਕਾਰੋਬਾਰ, ਜਿਵੇਂ ਕਿ ਕੱਪੜੇ, ਫਰਨੀਚਰ ਅਤੇ ਕਿਤਾਬਾਂ ਦੀਆਂ ਦੁਕਾਨਾਂ। ਕਿਸਾਨ ਮਾਰਕੀਟ ਵਿਚ ਸਾਰੇ ਵਿਕਰੇਤਾ ਵੀ ਕੰਮ ਸ਼ੁਰੂ ਕਰਨ ਯੋਗ ਹੋਣਗੇ।
    - ਕੁਝ ਨਿੱਜੀ ਸੇਵਾਵਾਂ ਜਿਵੇਂ ਕਿ ਹੇਅਰ ਸਟਾਈਲਿੰਗ ਅਤੇ ਨਾਈ ਦੀਆਂ ਦੁਕਾਨਾਂ।
    - ਅਜਾਇਬ ਘਰ ਅਤੇ ਆਰਟ ਗੈਲਰੀਆਂ।
    - ਵਧੇਰੇ ਨਿਰਧਾਰਤ ਸਰਜਰੀਆਂ, ਦੰਦਾਂ ਦੀਆਂ ਪ੍ਰਕਿਰਿਆਵਾਂ, ਫਿਜ਼ੀਓਥੈਰੇਪੀ, ਕਾਇਰੋਪ੍ਰੈਕਟਿਕ, ਆਪਟੋਮੈਟਰੀ ਅਤੇ ਇਸੇ ਤਰਾਂ ਦੀਆਂ ਸੇਵਾਵਾਂ।
    - ਸੀਮਤ ਹਾਜਰੀ ਨਾਲ ਡੇ-ਕੇਅਰ ਅਤੇ ਸਕੂਲ ਤੋਂ ਬਾਹਰ ਦੀ ਦੇਖਭਾਲ।
    - ਸੀਮਤ ਹਾਜ਼ਰੀ ਨਾਲ ਸਮਰ ਕੈਂਪ ਇਸ ਵਿੱਚ ਸਮਰ ਸਕੂਲ ਸ਼ਾਮਲ ਹੋ ਸਕਦੇ ਹਨ।
    - ਕੈਫੇ, ਰੈਸਟੋਰੈਂਟ (ਸ਼ਰਾਬ ਦੇ ਲਾਇਸੰਸਸ਼ੁਦਾ ਅਦਾਰਿਆਂ ਵਿਚ ਨਾਬਾਲਗਾਂ ਨੂੰ ਆਗਿਆ) 50 ਪ੍ਰਤੀਸ਼ਤ ਸਮਰੱਥਾ ਤੇ ਜਨਤਕ ਬੈਠਕ ਲਈ ਦੁਬਾਰਾ ਖੁੱਲ੍ਹਣ ਤੇ ਕੋਈ ਬਾਰ ਸੇਵਾ ਨਹੀਂ ਹੈ।
    - ਕੁਝ ਹੋਰ ਬਾਹਰੀ(ਆਊਟਡੋਰ) ਮਨੋਰੰਜਨ ਸਾਧਨ।
- ਪੋਸਟ-ਸੈਕੰਡਰੀ ਸੰਸਥਾਵਾਂ ਕੋਰਸ ਜਾਰੀ ਰੱਖਣਗੇ ਜਿਵੇਂ ਪ੍ਰੋਗਰਾਮ ਪ੍ਰਦਾਨ ਕੀਤੇ ਜਾਂਦੇ ਹਨ ਭਾਵੇਂ ਆਨਲਾਈਨ, ਵਿਅਕਤੀਗਤ, ਜਾਂ ਦੋਹਾਂ ਦਾ ਮਿਸ਼ਰਣ, ਇਸ ਗੱਲ ਤੇ ਨਿਰਭਰ ਕਰੇਗਾ ਕਿ ਹਰੇਕ ਰੀ-ਲੌਂਚ(ਮੁੜ ਸ਼ੁਰੂਆਤ) ਪੜਾਅ ਤੇ ਕਿਹੜੀਆਂ ਪਾਬੰਦੀਆਂ ਲਾਗੂ ਹਨ।
- ਕੁਝ ਖਾਸ ਭੀੜ ਵਾਲੇ ਜਨਤਕ ਸਥਾਨਾਂ ਜਿਵੇਂ ਕਿ ਜਨਤਕ ਆਵਾਜਾਈ ਜਿੱਥੇ ਸਰੀਰਕ ਦੂਰੀ (ਦੋ ਮੀਟਰ ਦੀ ਦੂਰੀ) ਸੰਭਵ ਨਹੀਂ ਹੈ ਤੇ ਮਾਸਕ ਦੀ ਵਰਤੋਂ ਦੀ ਜ਼ੋਰਦਾਰ ਸਿਫਾਰਸ਼ ਕੀਤੀ ਜਾਏਗੀ।

### ਪੜਾਅ 1 ਵਿੱਚ ਵੀ ਆਗਿਆ ਨਹੀਂ ਹੈ

- 15 ਤੋਂ ਵੱਧ ਲੋਕਾਂ ਦਾ ਇਕੱਠ। (15 ਲੋਕਾਂ ਜਾਂ ਇਸਤੋਂ ਘੱਟ ਲੋਕਾਂ ਦੇ ਇਕੱਠਾਂ ਨੂੰ ਨਿੱਜੀ ਦੂਰੀਆਂ ਅਤੇ ਹੋਰ ਜਨਤਕ ਸਿਹਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨੀ ਜਰੂਰੀ ਹੈ।)
- ਕਲਾ ਅਤੇ ਸਭਿਆਚਾਰ ਦੇ ਤਿਉਹਾਰ, ਖੇਡਾਂ ਦੇ ਪ੍ਰਮੁੱਖ ਪ੍ਰੋਗਰਾਮ ਅਤੇ ਸਮਾਰੋਹ ਜਿੰਨਾਂ ਵਿੱਚ ਨੇੜਲੇ ਸਰੀਰਕ ਸੰਪਰਕ ਸ਼ਾਮਲ ਹਨ।
- ਸਿਨੇਮਾ ਘਰ, ਥੀਏਟਰ, ਪੂਲ(ਤੈਰਾਕੀ), ਮਨੋਰੰਜਨ ਕੇਂਦਰ, ਅਖਾੜੇ, ਸਪਾ, ਜਿਮ ਅਤੇ ਨਾਈਟ ਕਲੱਬ ਬੰਦ ਰਹਿਣਗੇ।
- ਸਿਹਤ ਦੇਖਭਾਲ ਸਹੂਲਤਾਂ ਵਿੱਚ ਮਰੀਜਾਂ ਨੂੰ ਮਿਲਣ ਵਾਲੇ ਵਿਜਿਟਰ ਦੀ ਗਿਣਤੀ ਸੀਮਤ ਰਹੇਗੀ।
- ਕਿੰਡਰਗਾਰਟਨ ਤੋਂ ਗ੍ਰੇਡ 12 ਤੱਕ ਦੇ ਵਿਦਿਆਰਥੀਆਂ ਲਈ ਸਕੂਲ ਵਿੱਚ ਕਲਾਸਾਂ।

### ਸਿਫਾਰਸ਼ਾਂ

- ਗੈਰ-ਜ਼ਰੂਰੀ ਯਾਤਰਾ ਖ਼ਾਸਕਰ ਸੂਬੇ ਤੋਂ ਬਾਹਰ ਦੀ ਯਾਤਰਾ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।
- ਜਿੱਥੇ ਸੰਭਵ ਹੋਵੇ ਰਿਮੋਟ(ਦੂਰੋਂ) ਕੰਮ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

### ਪੜਾਅ 2 ਦੀਆਂ ਝਲਕੀਆਂ

- ਇਸ ਪੜਾਅ ਦਾ ਸਮਾਂ ਪੜਾਅ 1 ਦੀ ਸਫਲਤਾ ਦੁਆਰਾ ਨਿਰਧਾਰਤ ਕੀਤਾ ਜਾਏਗਾ। ਇਹ ਨਿਰਣਾ ਲਾਗਾਂ(ਇੰਨਫੈਕਸ਼ਨ), ਹਸਪਤਾਲ ਵਿੱਚ ਦਾਖਲ ਹੋਣ ਅਤੇ ਆਈਸੀਯੂ ਦੇ ਮਾਮਲਿਆਂ ਵਿੱਚ ਕਮੀ ਦੇ ਅਧਾਰ ਤੇ ਸਿਹਤ ਦੇਖਭਾਲ ਪ੍ਰਣਾਲੀ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਜਾਵੇਗਾ।
- ਇਹ ਹੋਰ ਕਾਰੋਬਾਰਾਂ ਅਤੇ ਸੇਵਾਵਾਂ ਨੂੰ ਦੋ ਮੀਟਰ ਸਰੀਰਕ ਦੂਰੀਆਂ ਦੀਆਂ ਜ਼ਰੂਰਤਾਂ ਅਤੇ ਹੋਰ ਜਨਤਕ ਸਿਹਤ ਦਿਸ਼ਾ ਨਿਰਦੇਸ਼ਾਂ ਦੇ ਅਧਾਰ ਤੇ ਕੰਮਾਂ ਨੂੰ ਮੁੜ ਸ਼ੁਰੂ ਕਰਨ ਦੀ ਆਗਿਆ ਦੇਵੇਗਾ। ਇਸ ਵਿੱਚ ਸ਼ਾਮਲ ਹਨ:

    - ਕੁਝ ਪਾਬੰਦੀਆਂ ਨਾਲ ਸੰਭਾਵਿਤ ਕਿੰਡਰਗਾਰਟਨ ਤੋਂ ਗ੍ਰੇਡ 12 ਸਕੂਲ।
    - ਬੈਕਲਾਗ(ਇਕੱਠੇ ਹੋਏ) ਨੂੰ ਖਤਮ ਕਰਨ ਸਮੇਤ ਹੋਰ ਨਿਰਧਾਰਿਤ ਸਰਜਰੀਆਂ(ਆਪ੍ਰੇਸ਼ਨ)।
    - ਨਿੱਜੀ ਸੇਵਾਵਾਂ, ਜਿਵੇਂ ਕਿ ਨਕਲੀ ਰੰਗਾਈ(ਟੈਨਿੰਗ), ਐਸਥੈਟਿਕਸ, ਕਾਸਮੈਟਿਕ ਚਮੜੀ ਅਤੇ ਸਰੀਰਕ ਇਲਾਜ, ਮੈਨਿਕਯੂਰ(ਹੱਥਾਂ ਦੀ ਸਫਾਈ), ਪੇਡਿਕਿਊਰ(ਪੈਰਾਂ ਦੀ ਸਫਾਈ), ਵੈਕਸਿੰਗ, ਚਿਹਰੇ ਦੇ ਇਲਾਜ਼, ਮਸਾਜ ਅਤੇ ਰਿਫਲੈਕਸੋਲੋਜੀ(ਦਬਾਅ ਨਾਲ ਇਲਾਜ)।
    - ਕੁਝ ਸਥਿਤੀਆਂ ਵਿੱਚ ਕੁਝ ਵੱਡੇ ਇਕੱਠਾਂ ਦੀ ਆਗਿਆ(ਲੋਕਾਂ ਦੀ ਗਿਣਤੀ ਨਿਰਧਾਰਤ ਕਰਨ ਦੀ ਆਗਿਆ ਦੇਣੀ ਜੋ ਵੱਖ ਵੱਖ ਗਤੀਵਿਧੀਆਂ ਲਈ ਜੋਖਮ ਦੇ ਪੱਧਰਾਂ ਬਾਰੇ ਹੋਰ ਜਾਨਣ ਤੋਂ ਬਾਦ)
    - ਪਾਬੰਦੀਆਂ ਨਾਲ ਸਿਨੇਮਾ ਘਰਾਂ ਅਤੇ ਥਿਏਟਰਾਂ ਨੂੰ ਖੋਲਣਾ

- ਸਿਹਤ ਦੇਖਭਾਲ ਸਹੂਲਤਾਂ ਵਿੱਚ ਮਰੀਜਾਂ ਨੂੰ ਮਿਲਣ ਵਾਲੇ ਵਿਜਿਟਰ ਦੀ ਗਿਣਤੀ ਸੀਮਤ ਰਹੇਗੀ।

## ਪੜਾਅ 2 ਵਿੱਚ ਵੀ ਆਗਿਆ ਨਹੀਂ ਹੈ

- ਨਾਈਟ ਕਲੱਬ, ਜਿੰਮ, ਪੂਲ, ਮਨੋਰੰਜਨ ਕੇਂਦਰ, ਅਤੇ ਅਰੀਨਾ ਬੰਦ ਰਹਿਣਗੇ।
- ਕਲਾ ਅਤੇ ਸਭਿਆਚਾਰ ਦੇ ਤਿਓਹਾਰ, ਸਮਾਰੋਹ, ਪ੍ਰਮੁੱਖ ਖੇਡ ਸਮਾਗਮਾਂ ਵਿਚ ਹਾਜ਼ਰੀ ਅਤੇ ਹੋਰ ਵਿਸ਼ਾਲ ਇਕੱਠਾਂ ਤੇ ਪਾਬੰਦੀ ਜਾਰੀ ਰਹੇਗੀ।

## ਸਿਫਾਰਸ਼ਾਂ

- ਗੈਰ-ਜ਼ਰੂਰੀ ਯਾਤਰਾ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ।

## ਸਟੇਜ 3 ਹਾਈਲਾਈਟਸ

ਇਸ ਪੜਾਅ ਦਾ ਸਮਾਂ ਪੜਾਅ 1 ਅਤੇ 2 ਦੀ ਸਫਲਤਾ ਦੇ ਅਧਾਰ ਤੇ ਨਿਰਧਾਰਤ ਕੀਤਾ ਜਾਵੇਗਾ ਅਤੇ ਇਸ ਵਿੱਚ ਸ਼ਾਮਲ ਹੋਣਗੇ:

- ਕੁਝ ਪਾਬੰਦੀਆਂ ਨਾਲ ਸਾਰੇ ਕਾਰੋਬਾਰਾਂ ਅਤੇ ਸੇਵਾਵਾਂ ਨੂੰ ਪੂਰੀ ਤਰ੍ਹਾਂ ਦੁਬਾਰਾ ਖੋਲ੍ਹਣਾ।
- ਵੱਡੇ ਇਕੱਠਾਂ ਨੂੰ ਆਗਿਆ ਦੇਣਾ (ਲੋਕਾਂ ਦੀ ਸੰਖਿਆ ਨਿਰਧਾਰਿਤ ਹੋਣ ਤੇ)
- ਕੁਝ ਪਾਬੰਦੀਆਂ ਨਾਲ ਕਲਾਵਾਂ ਅਤੇ ਸਭਿਆਚਾਰ ਦੇ ਤਿਓਹਾਰਾਂ, ਸਮਾਰੋਹ ਅਤੇ ਕੁਝ ਪ੍ਰਮੁੱਖ ਖੇਡ ਪ੍ਰੋਗਰਾਮਾਂ ਨੂੰ ਆਗਿਆ ਦੇਣਾ।
- ਪਾਬੰਦੀਆਂ ਨਾਲ ਨਾਈਟ ਕਲੱਬਾਂ, ਜਿੰਮ, ਪੂਲ, ਮਨੋਰੰਜਨ ਕੇਂਦਰਾਂ ਅਤੇ ਅਖਾੜਿਆਂ ਨੂੰ ਮੁੜ ਖੋਲਣ ਦੀ ਆਗਿਆ ਦੇਣਾ।
- ਪਾਬੰਦੀਆਂ ਨਾਲ ਉਦਯੋਗ ਕਾਨਫਰੰਸਾਂ ਨੂੰ ਦੁਬਾਰਾ ਸ਼ੁਰੂ ਕਰਨਾ।
- ਗੈਰ-ਜ਼ਰੂਰੀ ਯਾਤਰਾ ਤੋਂ ਪਾਬੰਦੀ ਹਟਾਉਣੀ।

# ਤੇਜ਼ ਤੱਥ

- ਮੁੜ ਸ਼ੁਰੂ ਕਰਨ ਦੇ ਪੜਾਵਾਂ ਵਿੱਚ ਮੁਲਾਂਕਣ ਅਤੇ ਨਿਗਰਾਨੀ ਸਮਾਂ ਵੀ ਸ਼ਾਮਲ ਹੈ ਇਹ ਨਿਰਧਾਰਤ ਕਰਨ ਲਈ ਕਿ ਪਾਬੰਦੀਆਂ ਨੂੰ ਉੱਪਰ ਜਾਂ ਹੇਠਾਂ ਕੀਤਾ ਜਾਵੇ। ਹਸਪਤਾਲ ਦਾਖਲ ਹੋਣ ਵਾਲਿਆਂ ਦੀ ਗਿਣਤੀ ਅਤੇ ਇੰਟੈਂਸਿਵ ਕੇਅਰ ਯੂਨਿਟ (ਆਈ.ਸੀ.ਯੂ.) ਵਿੱਚ ਦਾਖਲੇ ਪਾਬੰਦੀਆਂ ਨੂੰ ਘਟਾਉਣ ਜਾਂ ਸਖਤ ਬਣਾਉਣ ਦੇ ਫੈਸਲਿਆਂ ਨੂੰ ਤੁਰੰਤ ਪ੍ਰਭਾਵਿਤ ਕਰਨਗੇ।
- ਸੂਬੇ ਦੇ ਸਥਾਨਕ ਖੇਤਰਾਂ ਵਿੱਚ ਪ੍ਰਭਾਵਸ਼ਾਲੀ ਕਾਰਵਾਈਆਂ ਲਈ ਨਵੇਂ ਕੇਸਾਂ ਅਤੇ ਨਵੀਆਂ ਲਾਗਾਂ(ਇੰਨਫੈਕਸ਼ਨਾਂ) ਦੀਆਂ ਦਰਾਂ ਦੀ ਨਿਰੰਤਰ ਅਧਾਰ ਤੇ ਨਿਗਰਾਨੀ ਕੀਤੀ ਜਾਏਗੀ।

- ਫੈਸਲਿਆਂ ਨੂੰ ਜਿਥੇ ਵੀ ਜ਼ਰੂਰੀ ਹੋਵੇ ਸੂਬਾਈ ਅਤੇ ਸਥਾਨਕ ਦੋਵਾਂ ਪੱਧਰਾਂ ਤੇ ਲਾਗੂ ਕੀਤਾ ਜਾਵੇਗਾ। ਭਾਵੇਂ ਸੂਬੇ ਵਿੱਚ ਹੌਲੀ ਹੌਲੀ ਪਾਬੰਦੀਆਂ ਨੂੰ ਘੱਟ ਕੀਤਾ ਜਾਣਾ ਹੈ ਪਰ ਫੈਲਣ ਦਾ ਅਰਥ ਹੋ ਸਕਦਾ ਹੈ ਕਿ ਉਹਨਾਂ ਨੂੰ ਇੱਕ ਸਥਾਨਕ ਖੇਤਰ ਵਿੱਚ ਅਸਥਾਈ ਤੌਰ ਤੇ ਮਜ਼ਬੂਤ ਕਰਨ ਦੀ ਜ਼ਰੂਰਤ ਹੋ ਸਕਦੀ ਹੈ।
- ਵਿਸ਼ਵਾਸ ਅਧਾਰਤ ਸੰਸਥਾਵਾਂ ਅਲਬਰਟਨਜ਼ ਦੇ ਜੀਵਨ ਦਾ ਇਕ ਜ਼ਰੂਰੀ ਹਿੱਸਾ ਹਨ। ਉਹ ਜਨਤਕ ਸਿਹਤ ਨਿਰਦੇਸ਼ਾਂ ਅਧੀਨ ਅਭਿਆਸ ਕਰਨ ਯੋਗ ਹੋਣਗੇ ਜਿਸ ਵਿੱਚ ਵਿਸ਼ਾਲ ਇਕੱਠ ਤੇ ਪਾਬੰਦੀ ਅਤੇ ਸਰੀਰਕ ਦੂਰੀ ਸ਼ਾਮਲ ਹਨ। ਬੀਤੇ ਸਮੇਂ ਦੇ ਪ੍ਰਕੋਪ ਤੋਂ ਸਬਕ ਸਿੱਖਣ ਲਈ ਗਾਇਨ ਅਤੇ ਹੋਰ ਪਰੰਪਰਾਵਾਂ ਸਮੇਤ ਵਿਸ਼ੇਸ਼ ਅਭਿਆਸਾਂ ਵਿੱਚ ਸੁਰੱਖਿਆ ਨੂੰ ਯਕਾਨੀ ਬਣਾਉਂਦਿਆਂ ਸਮਾਜਿਕ ਮੇਲ ਜੋਲ ਦਾ ਸਮਰਥਨ ਕਰਨਾ।

*ਅਲਬਰਟਾ ਕੋਲ ਕੋਵਿਡ-19(COVID-19) ਨਾਲ ਨਜਿੱਠਣ ਲਈ ਪੂਰੀ ਤਿਆਰੀ ਹੈ ਜਿਸ ਵਿੱਚ ਸਮਾਜਿਕ ਦੂਰੀ, ਸਕ੍ਰੀਨਿੰਗ ਅਤੇ ਟੈਸਟਿੰਗ ਵਧਾਉਣ ਦੇ ਉਪਾਅ ਸ਼ਾਮਿਲ ਹਨ। ਵਿੱਤੀ ਸਹਾਇਤਾ ਅਲਬਰਟਾ ਦੇ ਪਰਿਵਾਰਾਂ ਅਤੇ ਬਿਜ਼ਨਸਾਂ ਦੀ ਸਹਾਇਤਾ ਕਰ ਰਹੀ ਹੈ।*

## ਸੰਬੰਧਿਤ ਜਾਣਕਾਰੀ

- COVID-19 info for Albertans
- Opening soon: Alberta's relaunch strategy

## ਮੀਡੀਆ ਪੁੱਛਗਿੱਛ

**Christine Myatt**

780-446-2179
Deputy Director of Communications/Press Secretary, Office of the Premier

View this announcement online
Government of Alberta newsroom
Contact government
Unsubscribe